(This question paper contains 2 printed pages)

Roll No.

Sl. No of Question Paper: 5241

Unique Paper Code: 212152

Name of the Paper: Punjabi Discipline B

Name of the Course: B. A. (Prog.) Punjabi Discipline

Semester: I

E

Time : 3 Hours

Maximum Marks : 75

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. ਜਸਵੰਤ ਸਿੰਘ ਕੰਵਲ ਦੇ ਨਾਵਲ 'ਤੋਸ਼ਾਲੀ ਦੀ ਹੰਸੋ'-"ਹਿੰਸਾ ਉੱਤੇ ਅਹਿੰਸਾ ਦੀ ਜਿੱਤ ਨੂੰ ਆਪਣਾ ਵਿਸ਼ਾ-ਵਸਤੂ ਬਣਾਉਂਦਾ ਹੈ"-ਕਥਨ ਨੂੰ ਮੁੱਖ ਰਖਦਿਆਂ ਨਾਵਲ ਦਾ ਅਧਿਐਨ ਪੇਸ਼ ਕਰੋ। (15)

**ਜਾਂ**

ਜਸਵੰਤ ਸਿੰਘ ਕੰਵਲ ਦੇ ਨਾਵਲ 'ਤੋਸ਼ਾਲੀ ਦੀ ਹੰਸੋ' ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ।

2. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ **ਦੋ** ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਉ : (5×2=10)

(ੳ) ਸਮਰਾਟ ਅਸ਼ੋਕ ਨੂੰ ਕਿਨ੍ਹਾਂ ਨਾਰੀ-ਪਾਤਰਾਂ ਨੇ ਹਾਰ ਮੰਨਣ ਲਈ ਮਜਬੂਰ ਕਰ ਦਿੱਤਾ ? ਕਿਉਂ?

(ਅ) 'ਤੋਸ਼ਾਲੀ ਦੀ ਹੰਸੋ' ਨਾਵਲ ਵਿਚ ਪੇਸ਼ ਹੋਈਆਂ ਦੇਸ਼-ਪਿਆਰ ਨਾਲ ਸੰਬੰਧਤ ਘਟਨਾਵਾਂ ਵਿਚੋਂ ਕਿਸੇ **ਇਕ** ਦਾ ਬਿਆਨ ਆਪਣੇ ਸ਼ਬਦਾਂ ਵਿਚ ਕਰੋ।

(ੲ) 'ਤੋਸ਼ਾਲੀ ਦੀ ਹੰਸੋ' ਨਾਵਲ ਵਿਚ ਹੰਸੋ ਦਾ ਕਿਹੋ ਜਿਹਾ ਬਿੰਬ ਸਿਰਜਿਆ ਗਿਆ ਹੈ ? ਚਰਚਾ ਕਰੋ।

3. ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ', "ਸਵੈ-ਪ੍ਰਗਟਾਵੇ ਤੋਂ ਵਧੇਰੇ ਦਲਿਤ-ਜੀਵਨ ਦੇ ਯਥਾਰਥ ਨੂੰ ਪੇਸ਼ ਕਰਦੀ ਹੈ।" ਚਰਚਾ ਕਰੋ। (15)

**ਜਾਂ**

P.T.O.

'ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਪੰਜਾਬੀ ਸਵੈ-ਜੀਵਨੀ ਦੇ ਇਤਿਹਾਸ ਵਿਚ ਇਕ ਵੱਖਰੀ ਪਛਾਣ ਕਾਇਮ ਕਰਦੀ ਹੈ।' ਵਿਸਥਾਰ ਸਹਿਤ ਚਰਚਾ ਕਰੋ।

4. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ **ਦੋ** ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਉ : (5×2=10)

(ੳ) ਸਵੈ-ਜੀਵਨੀ ਅਤੇ ਯਾਦਾਂ ਵਿਚ ਕੀ ਅੰਤਰ ਹੈ ?

(ਅ) 'ਛਾਂਗਿਆ ਰੁੱਖ' ਸਵੈ-ਜੀਵਨੀ ਵਿਚਲੇ ਲੇਖ 'ਤਿੜਕੇ ਸ਼ੀਸ਼ੇ ਦੀ ਵਿਥਿਆ' ਜਾਂ 'ਬੱਦਲਾਂ ਵਿਚੋਂ ਝਾਕਦਾ ਸੂਰਜ' ਨੂੰ ਆਪਣਾ ਸ਼ਬਦਾਂ ਵਿਚ ਬਿਆਨ ਕਰੋ।

(ੲ) 'ਛਾਂਗਿਆ ਰੁੱਖ' ਸਵੈ-ਜੀਵਨੀ ਵਿਚ ਪੰਜਾਬੀ ਸਮਾਜ ਨਾਲ ਸੰਬੰਧਿਤ ਕਿਨ੍ਹਾਂ ਸਮੱਸਿਆਵਾਂ ਨੂੰ ਪੇਸ਼ ਕੀਤਾ ਗਿਆ ਹੈ ?

5. ਹੇਠ ਦਿੱਤੇ ਅਲੰਕਾਰਾਂ ਵਿਚੋਂ ਕੋਈ ਤਿੰਨ ਦੀ ਪਰਿਭਾਸ਼ਾ ਦਸੋ ਅਤੇ ਉਦਾਹਰਣਾਂ ਸਹਿਤ ਅੰਤਰ ਸਪੱਸ਼ਟ ਕਰੋ : (15)

ਉਪਮਾ, ਅਤਿਕਥਨੀ, ਅਨੁਪ੍ਰਾਸ, ਯਮਕ

6. ਪੰਜਾਬੀ ਭਾਸ਼ਾ ਦੀਆਂ ਲਗਾਂ-ਮਾਤਰਾਂ ਦੇ ਚਿੰਨ੍ਹ ਬਣਾ ਕੇ ਉਨ੍ਹਾਂ ਦੇ ਨਾਮ ਦੱਸੋ। (5)

7. 'ਭਾਸ਼ਾਈ ਰਜਿਸਟਰ' ਤੋਂ ਕੀ ਭਾਵ ਹੈ ? ਪੰਜਾਬੀ ਭਾਸ਼ਾ ਦੇ ਕੋਈ ਦੋ ਰਜਿਸਟਰਾਂ ਸੰਬੰਧੀ ਜਾਣਕਾਰੀ ਦਿਉ। (5)

—0—